ਸਾਖੀ ਭਾਈ ਲਾਲੋ

ਪੈਂਤੀਸ ਅੱਖਰੀ



ਭਾਈ ਚਤਰ ਸਿੰਘ ਜੀਵਨ ਸਿੰਘ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਸਾਖੀ ਭਾਈ ਲਾਲੋ

ਕਥਾ ਤੇਈਏ ਤਾਪ ਦੀ

ਸ੍ਰੀ ਗੁਰੂ ਅਮਰਦਾਸ ਤੀਸਰੀ ਪਾਤਸ਼ਾਹੀ ਗੋਇੰਦਵਾਲ ਚੁਬਾਰੇ ਅੰਦਰ ਆਪਣੇ ਰੰਗ ਵਿਚ ਬੈਠੇ ਸਨ, ਇਤਨੇ ਵਿਚ ਇਕ ਮਾਈ ਨੇ ਚੀਕ ਮਾਰੀ । ਗੁਰੂ ਜੀ ਨੇ ਆਖਿਆ ਖਬਰ ਲਵੋ ਇਹ ਸ਼ਬਦ ਕੈਸਾ ਹੂਆ ਹੈ। ਗੁਰੂ ਜੀ ਕਾ ਹੁਕਮ ਮੰਨਕੇ ਇਕ ਸਿਖ ਗਿਆ, ਜਾਇ ਕਰ ਦੇਖ ਤਉ ਬੁਢੀ ਰੋਂਦੀ ਹੈ, ਸਿਖ ਨੇ ਪੁਛਿਆ ਕੀ ਹੋਇਆ ਹੈ, ਪਾਸੋਂ ਲੋਕਾਂ ਨੇ ਕਿਹਾ, ਇਸ ਦਾ ਪੁਤਰ ਤੇਈਏ ਤਾਪ ਕਰਕੇ ਸ਼ਾਂਤ ਹੋ ਗਿਆ ਹੈ, ਸਿਖ ਇਤਨੀ ਬਾਤ ਸੁਣਕੇ ਮੁੜ ਆਇਆ, ਆਇ ਕਰ ਗੁਰੂ ਜੀ ਪਾਸ ਬੇਨਤੀ ਕੀਤੀ ਜੀ ਸਚੇ

ਪਾਤਸ਼ਾਹ ਇਕ ਮਾਈ ਦਾ ਬੇਟਾ ਸ਼ਾਂਤ ਹੋ ਗਿਆ ਹੈ। ਹੁਕਮ ਹੋਇਆ ਕਿਉਂ ਕਰ ਸ਼ਾਂਤ ਹੋਇਆ ? ਸਿਖ ਨੇ ਕਿਹਾ ਜੀ ਸਚੇ ਪਾਤਸ਼ਾਹ ਤੇਈਏ ਤਾਪ ਕਰਕੇ ਸ਼ਾਂਤ ਹੋਇਆ ਹੈ ਜੀ। ਤਾਂ ਬਚਨ ਹੋਇਆ ਜਿਚਰ ਤੀਕਰ ਅਸੀਂ ਹਾਂ ਤਿਚਰ ਤੀਕ ਕੋਈ ਪੁਤ੍ਰ ਦਾ ਨਾਮ ਲੈ ਕੇ ਦੁਖੀ ਹੋ ਕੇ ਨਾ ਰੋਵੇਗਾ ਪੁਤਰ ਮਾਤਾ ਪਿਤਾ ਕੇ ਆਗੇ ਰਹੇਂਗੇ। ਤੇ ਫਿਰ ਸ੍ਰੀ ਗੁਰੂ ਜੀ ਤੇਈਏ ਨੂੰ ਪਿੰਜਰੇ ਵਿਚ ਬਾਲਕ ਰੂਪ ਕਰਕੇ ਪਾਇਆ। ਹੱਥਾਂ ਵਿਚ ਹੱਥਕੜੀਆਂ ਪੈਰਾਂ ਦੇ ਵਿਚ ਬੇੜੀਆਂ ਪਾਇਕੇ ਕੈਦ ਕੀਤਾ। ਕੁਛ ਦਿਨ ਬੀਤੇ ਤਾਂ ਭਾਈ ਲਾਲੋ ਜੀ ਵਾਸੀ ਪਿੰਡ ਤਲਵੰਡੀ ਗੁਰੂ ਜੀ ਕੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਜੀ ਆਇ ਕਰ ਸ੍ਰੀ ਗੁਰੂ ਜੀ ਕੋ ਮੱਥਾ ਟੇਕਿਆ ਤੇ ਬੈਠ ਗਏ ਤਾਂ ਭਾਈ ਲਾਲੋ ਜੀ ਦੀ ਨਜ਼ਰੀ ਬਾਲਕ ਦਾ ਪਿੰਜਰਾ ਪਿਆ ਦਿਸਿਆ ਕਿ ਬਾਲਕ

ਤੜਫਦਾ ਹੈ । ਐਸੇ ਦੂਖੀ ਦੇਖ ਕੇ ਸ੍ਰੀ ਗੁਰੂ ਜੀ ਅਗੇ ਅਰਜ਼ ਕੀਤੀ--ਹੇ ਸਚੇ ਪਾਤਸ਼ਾਹ ਆਪ ਦਇਆ ਦੇ ਸਮੁੰਦਰ ਹੋ ਵਡੇ ਕ੍ਰਿਪਾਲੂ ਹੋ ਅਰ ਆਪ ਕੇ ਹਜ਼ੂਰ ਇਹ ਬਾਲਕ ਭੁਖ ਤ੍ਰਿਖਾ ਕਰਕੇ ਧੁਪ ਮਹਿ ਤੜਫ ਰਿਹਾ ਹੈ, ਆਪਕਾ ਬਚਨ ਹੋਵੇ ਤਾਂ ਇਸਨੂੰ ਪ੍ਰਸ਼ਾਦ ਦੇਵੀਏ ਜੀ । ਬਚਨ ਹੋਇਆ ਭਾਈ ਲਾਲੋ ਇਹ ਬੁਰੀ ਬਲਾ ਹੈ ਇਸਦਾ ਏਥੇ ਪ੍ਰਸ਼ਾਦ ਹੈ ਨਹੀਂ । ਭਾਈ ਲਾਲੋ ਕਿਹਾ ਮੈਨੂੰ ਹੁਕਮ ਦਿਓ ਤਾਂ ਮੈਂ ਇਸਨੂੰ ਪ੍ਰਸ਼ਾਦ ਪੁਚਾਵਨਾ ਹਾਂ । ਸ੍ਰੀ ਗੁਰੂ ਅਮਰਦਾਸ ਸਾਹਿਬ ਹੁਕਮ ਦਿਤਾ ਤੂੰ ਜਾ ਭਾਈ ਪੁਚਾਇ ਦੇਇ ਜਬ ਭਾਈ ਲਾਲੋ ਜੀ ਆਪਣੇ ਨਗਰ ਕੋ ਜਾਣ ਲਗੇ ਤਾਂ ਅਰਜ ਕੀਤੀ ਜੋ ਏਸ ਬਾਲਕ ਨੂੰ ਛੋੜ ਦਿਓ, ਤਾਂ ਭਾਈ ਲਾਲੋ ਦਾ ਬਚਨ ਮੰਨ ਕਰ ਤੇਈਏ ਕੋ ਗੁਰਾਂ ਨੇ ਛੋੜ ਦੀਆ ਤੋ ਬਚਨ ਕੀਆ ਭਾਈ ਇਹ ਬੁਰੀ ਬਲਾ

ਹੈ, ਛਡਣਾ ਤੇ ਨਹੀਂ ਸੀ। ਭਾਈ ਲਾਲੋ ਨੇ ਹੱਥ ਜੋੜ ਕੇ ਕਿਹਾ ਜੀ ਇਹ ਤੋ ਬਾਲਕ ਹੈ ਤਾਂ ਬਚਨ ਹੋਇਆ ਭਾਈ ਬਾਲਕ ਨਾ ਜਾਣਨਾ ਏਹ ਤੇਈਆ ਤਾਪ ਹੈ। ਤਾਂ ਭਾਈ ਲਾਲੋ ਜੀ ਗੁਰਾਂ ਨੂੰ ਮਥਾ ਟੇਕਕੇ ਗੁਰਾਂ ਤੋਂ ਖੁਸ਼ੀ ਲੈਕੇ ਆਪਣੇ ਨਗਰ ਨੂੰ ਤੁਰਿਆ ਨਾਲ ਤੇਈਏ ਨੂੰ ਵੀ ਲੈ ਲਿਆ, ਜਾਂ ਰਸਤੇ ਵਿਚ ਇਕ੍ਰ ਪਿੰਡ ਦੇ ਪਾਸ ਆਏ ਤਾਂ ਉਥੇ ਇਕ ਤਲਾਬ ਪਰ ਧੋਬੀ ਕਪੜੇ ਧੋਂਦਾ ਸੀ ਤਾਂ ਤੇਈਏ ਨੇ ਭਾਈ ਲਾਲੋ ਜੀ ਨੂੰ ਕਿਹਾ, ਜੀ ਮੈਨੂੰ ਬੜੀ ਭੁਖ ਲਗੀ ਹੈ, ਮੈਥੋਂ ਤੇ ਤੁਰਿਆ ਭੀ ਨਹੀਂ ਜਾਂਦਾ, ਤਾਂ ਭਾਈ ਲਾਲੋ ਜੀ ਕਿਹਾ ਤੂੰ ਚਲ ਪਿੰਡ ਚਲਨੇ ਹਾਂ, ਓਥੇ ਤੈਨੂੰ ਖੀਰ ਖੰਡ ਚੰਗੇ ਭੋਜਨ ਛਕਾਵਾਂਗੇ, ਏਥੇ ਕੀ ਖਾਵੇਂਗਾ। ਤਾਂ ਤੇਈਏ ਨੇ ਕਿਹਾ ਜੀ ਮੇਰਾ ਤੇ ਭੋਜਨ ਏਥੇ ਹੈ, ਹੁਕਮ ਦੇਵੋ ਤਾਂ ਖਾਇ ਆਵਨਾ ਹਾਂ, ਤੁਸੀਂ ਏਥੇ

ਬੈਠ ਜਾਓ। ਭਾਈ ਲਾਲੋ ਜੀ ਭੋਲੇ ਸਾਧੂ ਸੁਭਾਵ ਬੈਠ ਗਏ ਤਾਂ ਕਹਿਣ ਲਗੇ ਜਾਹ ਭਾਈ ਪ੍ਰਸ਼ਾਦ ਖਾ ਆ। ਇਹ ਬਚਨ ਸੁਣਕੇ ਤੇਈਆ ਉਸ ਧੋਬੀ ਨੂੰ ਜਾ ਚਮੜਿਆ, ਦੋ ਤਿੰਨ ਘੜੀਆਂ ਪਿਛੋਂ ਉਤਰ ਗਿਆ, ਤਾਂ ਭਾਈ ਲਾਲੋ ਨੂੰ ਖਪਰ ਲਹੂ ਦਾ ਭਰ ਕੇ ਦਿਖਾ ਕੇ ਪੀਤਾ ਸੂ, ਉਪਰੰਤ ਧੋਬੀ ਹਛਾ ਕੀਤੋ ਸੂ, ਇਹ ਕੌਤਕ ਦੇਖ ਕੇ ਭਾਈ ਲਾਲੋ ਜੀ ਬੜੇ ਡਰੇ, ਵਿਚਾਰ ਕੀਤੀ ਇਹ ਭੋਜਨ ਅਸਾਂ ਇਹਨੂੰ ਕਿਥੋਂ ਦੇਣਾ ਹੈ। ਤੇਈਏ ਨੂੰ ਕਿਹਾ ਚਲ ਭਾਈ ਤੈਨੂੰ ਗੁਰੂ ਕੇ ਕੈਦਖਾਨੇ ਵਿਚ ਛਡ ਆਈਏ ਤੈਨੂੰ ਅਸਾਂ ਕਾਹਨੂੰ ਲਿਆਵਣਾ ਸੀ। ਤੂੰ ਤਾਂ ਬੁਰੀ ਬਲਾ ਹੈਂ; ਇਹ ਬਚਨ ਸੁਣ ਕੇ ਤੇਈਆ ਡਰਿਆ ਅਤੇ ਕਹਿਣ ਲਗਾ--ਸੰਤ ਜੀ ਮੈਨੂੰ ਓਥੇ ਮਤ ਖਵਾਰ ਕਰਨਾ ਛਡ ਦੇਵੋ, ਮੈਂ ਆਪ ਕਾ ਅਹਿਸਾਨ ਕਦੀ ਨਾ ਗਵਾਵਾਂਗਾ। ਤਾਂ ਭਾਈ

ਲਾਲੋ ਜੀ ਕਿਹਾ ਅਸੀਂ ਤੈਨੂੰ ਤਦ ਛਡਦੇ ਹਾਂ ਜੇ ਤੂੰ ਸਾਨੂੰ ਮੰਨੇਗਾ, ਤਾਂ ਤੇਈਏ ਕਿਹਾ ਜੀ ਮੇਰਾ ਧਰਮ ਹੋਇਆ ਜਿਥੇ ਕੋਈ ਇਹ ਸਾਖੀ ਪੜੇਗਾ ਅਰ ਜਿਸ ਨੂੰ ਮੈਂ ਚੜਿਆ ਹੋਇਆ ਹੋਵਾਂਗਾ ਉਸ ਨੂੰ ਸੁਨਾਵਣੀ ਮੈਂ ਸਾਖੀ ਸੁਣਕੇ ਉਸਨੂੰ ਛੱਡ ਜਾਵਾਂਗਾ। ਜਿਸ ਤਰ੍ਹਾਂ ਤੁਸਾਂ ਮੈਨੂੰ ਛਡਿਆ ਹੈ ਇਸ ਤਰ੍ਹਾਂ ਮੈਂ ਵੀ ਛੱਡ ਜਾਵਾਂਗਾ। ਸਾਖੀ ਸੰਪੂਰਣ ਹੋਈ। ਯਥਾ ਸ਼ਕਤ ਰੋਟ ਦੇਵਣਾ।

ਪੈਂਤੀਸ ਅੱਖਰੀ

ਰਾਗ ਰਾਮਕਲੀ ਮਹਲਾ ੧ ॥ ਪੈਂਤੀਸ ਅੱਖਰੀ ॥ ਓਅੰਕਾਰ ਸਰਬ ਪਰਕਾਸੀ ॥ ਆਤਮ ਸੁਧ ਅਕ੍ਰੈ ਅਬਿਨਾਸੀ ॥ ਈਸ ਜੀਵ ਮੇ ਭੇਦ ਨ ਜਾਨੋਂ ॥ ਸਾਧ ਚੋਰ ਸਭ ਬ੍ਰਹਮ ਪਛਾਨੋਂ ॥ ਹਸਤੀ ਚੀਟੀ ਤ੍ਰਿਣਲੌ ਆਦੰ ॥ ਏਕ ਅਖੰਡਤ ਬਸੈ ਅਨਾਦੰ ॥ ੧ ॥ ਓ ਆ ਈ ਸਾ ਹਾ ॥ ਕਾਰਣ ਕਰਣ ਅਕਰਤਾ ਕਹੀਏ ॥ ਭਾਨ ਪ੍ਰਕਾਸ਼ ਜਗਤ ਸਿਉਂ ਲਹੀਏ ॥ ਖਾਨ ਪਾਨ ਕਛੂ ਰੂਪ ਨ ਰੇਖੰ ॥ ਨਿਰਬਿਕਾਰ ਅਦ੍ਵੈਤ ਅਲੇਖੰ ॥ ਗਾਤ ਗ੍ਰਾਮ ਸਭ ਦਸ ਦਿਸੰਤਰ ॥ ਸਤਿ ਕਰਤਾਰ ਸਰਬ ਕੇ ਅੰਤਰ ॥ ਘਨ ਕੀ ਨਿਆਈਂ ਸਦਾ ਅਖੰਡਤ ॥ ਙਿਆਨ ਬੋਧ ਪਰਮਾਤਮ ਪੰਡਤ

॥੨॥ ਕਾ ਖਾ ਗਾ ਘਾ ਙਾ ॥ ਚਾਪ ਗਜਾਨ
ਕਰਿ ਜਾਹਿ ਬਿਰਾਜੈ ॥ ਛਾਯਾ ਦਵੈਤ
ਸਗਲ ਉਠ ਭਾਜੈ ॥ ਜਾਗਤ ਸੁਪਨ ਸਖੋਪਤ
ਤੁਰੀਆ॥ ਆਤਮ ਭੂਪਤ ਕੀ ਏਹ ਪੁਰੀਆ
॥ ਝੁਨਤਕਾਰ ਅਨਹਦ ਘਨਘੋਰੰ॥ ਤ੍ਰਿਕੁਟੀ
ਭੀਤਰਿ ਅਤਿ ਛਬ ਜੋਰੰ ॥ ਞਾਨਤ ਜੋਗੀ
ਇਆ ਰਸ ਬਾਤਾ ॥ ਸੋਹੰ ਸਬਦ ਅਮੀ ਰਸ
ਮਾਤਾ ॥੩॥ ਚਾ ਛਾ ਜਾ ਝਾ ਞਾ ॥ ਟਾਰਣ
ਭਰਮਨ ਅਘਨ ਕੀ ਸੈਨਾ ॥ ਸਤਿਗੁਰੂ
ਮੁਕਤਿ ਪਦਾਰਥ ਦੈਨਾ ॥ ਠਾਕਤ ਦੁਬਿਧਾ
ਨਿਰਮਲ ਕਰਣੰ ॥ ਡਾਰਿ ਸਧਾ ਮੁਖ ਅਪਦਾ
ਹਰਣੰ॥ ਢਾਪਤਿ ਦਵੈਤ ਅੰਧੇਰੀ ਮਨ ਕੀ ॥
ਣਾਸਤਿ ਗੁਰ ਭਰਮਤਾ ਸਭ ਤਨ ਕੀ ॥੪॥
ਟਾ ਠਾ ਡਾ ਢਾ ਣਾ ॥ ਤਾਰਣ ਗੁਰੂ ਬਿਨਾ
ਨਹਿ ਕੋਈ ॥ ਸ੍ਰੁਤਿ ਸਿੰਮ੍ਰਿਤਿ ਸਭ ਬਾਤ
ਪਰੋਈ ॥ ਥਾਨ ਅਦ੍ਵੈਤ ਤਬੀ ਜਾਇ ਪਰਸੈ
॥ ਮਨ ਬਚ ਕਰਮ ਗੁਰੂ ਪਗ ਦਰਸੈ ॥

ਦਾਰਿਦ ਰੋਗ ਮਿਟੇ ਸਭ ਤਨ ਕਾ ॥ ਗੁਰ ਕਰੁਣਾ ਕਰ ਹੋਵੈ ਮੁਕਤਾ ॥ ਧੰਨ ਗੁਰਦੇਵ ਮੁਕਤਿ ਕੇ ਦਾਤੇ ॥ ਨਾਨਾ ਨੇਤ ਬੇਦ ਜਿਸ ਗਾਤੇ ॥੫॥ ਤਾ ਥਾ ਦਾ ਧਾ ਨਾ ॥ ਪਾਰਬ੍ਰਹਮ ਸਭ ਮਾਹਿ ਸਮਾਨਾ ॥ ਸਾਂਤਿ ਸਿਧਾਂਤ ਕੀਓ ਬਖਯਾਨਾ ॥ ਫਾਸ ਕਟੀ ਦਵੈਤ ਗੁਰ ਪੂਰੇ ॥ ਬਾਜੇ ਸਬਦ ਅਨਾਹਦ ਤੂਰੇ ॥ ਬਾਣੀ ਬ੍ਰਹਮ ਸਾਥ ਭਯੋ ਮੇਲਾ ॥ ਭੰਗ ਦਵੈਤ ਹਉ ਸਦਾ ਅਕੇਲਾ ॥ ਮਾਨ ਅਪਮਾਨ ਦੋਊ ਜਰ ਗਏ ॥ ਜੋਊ ਥੇ ਸੋਊ ਪੁਨ ਭਏ ॥੬॥ ਪਾ ਫਾ ਬਾ ਭਾ ਮਾ ॥ ਯਾ ਕਿਰਿਆ ਕਉ ਸੋਊ ਪਛਾਨੈ ॥ ਅਦ੍ਵੈਤ ਅਖੰਡ ਆਪ ਕਉ ਮਾਨੈ ॥ ਰਵਿ ਰਹੇ ਸਭ ਮਹਿ ਪੁਰਖ ਅਲੇਖੰ ॥ ਆਦਿ ਅਪਾਰ ਅਨਾਦ ਅਭੇਖੰ ॥ ਝਾੜ ਮਿਟੀ ਆਤਮ ਦਰਸਾਨਾ ॥ ਪ੍ਰਗਟੇ ਗਯਾਨ ਜੋਤਿ ਤਬ ਭਾਨਾ ॥ ਲਿਵਲੀਨ ਭਏ ਆਤਮ ਮਧ ਐਸੇ ॥ ਜਿਉ ਜਲ ਜਲਹਿ ਭੇਦ ਕਹੁ ਕੈਸੇ ॥

ਵਾਸਦੇਵ ਬਿਨ ਅਵਰ ਨ ਕੋਊ ॥ ਨਾਨਕ ਓਅੰ ਸੋਹੰ ਆਤਮ ਸੋਊ ॥੭॥ ਯਾ ਰਾ ਲਾ ਵਾ ੜਾ ॥ ਮਹਲੇ ਦਸਵੇਂ ਨਾਲ ਦੁਰਗਾ ਮੰਤਰ ਰਲਾਇ ਲਿਖਿਆ ॥ ਓਅੰ ਸ੍ਰੀਅੰ ਹ੍ਰੀਅੰ ਲ੍ਰੀਅੰ ਸੁੰਦ੍ਰੀ ਬਾਲਾ ਨਮਃ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਮੁਖੀ ਅਖਰ ਪ੍ਰਚੱਲਤ ਕੀਏ ਹੈਨ, ਗੁਰੂ ਨਾਨਕ ਜੀ ਕੀ ਆਗਯਾ ਹੈ ਪੁਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਆਗਯਾ ਹੈ ਜੋ ਕੋਈ ਮੇਰਾ ਸਿਘ ਪੈਂਤੀਸ ਅੱਖਰੀ ਦੁਰਗਾ ਮੰਤਰ ਸਮੇਤ ਪਾਠ ਕਰੇਗਾ ਸੋ ਮੁਕਤੀ ਨੂੰ ਪ੍ਰਾਪਤ ਹੋਵੇਗਾ। ਨੌਚੰਦੇ ਐਤਵਾਰ ਲਿਖਯਾ ਪੁੰਨਣਾ ਕਾ ਵਰਤ ਰਖਣਾ, ਗੁਰਪੁਰਬ ਕਰਨਾ ਤੀਸਰੇ ਪੈਹਰ ਹਰ ਸੰਕ੍ਰਾਂਤ ਹੋਮ ਕਰਨਾ ਸ਼ੁਧ ਧੂਪ ਦਾ ॥੧੧੮॥ ਇਕ ਸੌ ਅਠਾਰਾਂ ਵਾਰ ਪੜ੍ਹਨਾ-ਪੂਰਬ ਮੁਖ ਕਰ ਪੜ੍ਹੇ ਤਾਂ ਲਛਮੀ ਪ੍ਰਾਪਤ ਹੋਵੇ ॥ ਦੱਖਣ ਮੁਖ ਕਰ ਪੜ੍ਹੇ ਤਾਂ ਵੈਰੀ ਨੂੰ ਜੀਤੇ ॥ ਪੱਛਮ ਮੁਖ

ਕਰ ਪੜੇ ਤਾਂ ਬਚਨ ਸਤ ਹੋਵੈ ਜਾਂ ਉੱਤ੍ਰ ਮੁਖ
ਕਰ ਪੜ੍ਹੇ ਤਾਂ ਇਸਤਰੀ ਪੁਰਖ ਬਸੀ ਆਵੈ ॥
ਸਵਰਨ ਬੀਚ ਮੜਾਇ ਪਹਰੈ ਗਲੇ ਯਾ ਸੀਸ
ਮੇਂ ਤੋ ਰਖਯਾ ਹੋਇ, ਜੋ ਭੁਜਾ ਬੰਧੇ ਧਨ
ਪ੍ਰਾਪਤ ਹੋਇ, ਸੂਰਾ ਪਹਿਰੈ ਰਨ ਜੀਤੇ ॥
ਇਸਤ੍ਰੀ ਪੈਹਰੇ ਪੁਤਰ ਪਾਵੈ ॥ ਛਾਇਆ
ਵਾਲੇ ਨੂੰ ਘੋਲ ਪਲਾਵੇ ਛਾਇਆ ਦੂਰ ਹੋਵੇ,
ਸਰਬ ਮਨੋਰਥ ਗੁਰੂ ਜੀ ਪੂਰਾ ਕਰੈਂਗੇ ॥੧॥
ਪੈਂਤੀਸ ਅੱਖਰੀ ਸੰਪੂਰਨ ਹੋਈ ॥

੧ ਓ ਸਤਿਗੁਰ ਪ੍ਰਸਾਦਿ ॥

ਨਸੀਅਤ ਨਾਮਾ

ਤਿਲੰਗ ਮਹਲਾ ੧ ॥

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ ।
ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਹਿ ।
ਦਾਇਮ ਵ ਦੌਲਤ ਕਸੇ ਬੇਸ਼ੁਮਾਰ ।
ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ ।

ਦਮੜਾ ਤਿਸੀ ਕਾ ਜੋ ਖਰਚੇ ਅਰ ਖਾਇ।
ਦੇਵੇ ਦਿਲਾਵੈ ਰਜਾਇ ਖੁਦਾਇ ।
ਹੋਤਾ ਨ ਰਾਖੈ ਅਕੇਲਾ ਨ ਖਾਇ।
ਤਹਕੀਕ ਦਿਲਦਾਨੀ ਵਹੀ ਭਿਸਤਜਾਇ।
ਕੀਚੈ ਤਵਾਜਿਆ ਨ ਕੀਚੈ ਗੁਮਾਨ ।
ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ।
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ ।
ਹੋਵੇਂਗੇ ਗਰਕ ਕੁਛ ਲਾਗੈ ਨ ਬਾਰ ।
ਦੁਨੀਆਂ ਕਾ ਦੀਵਾਨਾ ਕਹੇ ਮੁਲਖ ਮੇਰਾ।
ਆਈ ਮੌਤ ਸਿਰ ਪਰ ਨ ਮੇਰਾ ਨ ਤੇਰਾ।
ਕੇਤੀ ਗਈ ਦੇਖ ਵਾਜੇ ਵਜਾਇ।
ਵਹੀ ਏਕ ਰਹਿਸੀ ਜੋ ਸਾਚਾ ਖੁਦਾਇ ।
ਆਇਆ ਅਕੇਲਾ ਅਕੇਲਾ ਚਲਾਇਆ।
ਚਲਤੇ ਵਕਤ ਕੋਈ ਕਾਮ ਨ ਆਇਆ ।
ਲੇਖਾ ਮੰਗੀਜੈ ਕਿਆ ਦੀਜੈ ਜਵਾਬ ।
ਤੋਬਾ ਪੁਕਾਰੇ ਤੋ ਪਾਵੇ ਅਜਾਬ ।
ਦੁਨੀਆਂ ਪਰ ਕੀਆ ਜੋਰ ਦਮੜਾ ਕਮਾਇਆ।

ਖਾਇਆਹੈਂਢਾਇਆਅਜਾਂਈਂਗਵਾਇਆ।
ਆਖਰ ਪਛੋਤਾਨਾ ਕਰੇ ਹਾਇ ਹਾਇ।
ਦਰਗਹ ਗਿਆ ਸੋਊ ਪਾਵਹਿ ਸਜਾਇ।
ਲਾਨਤ ਹੈ ਤੈਂ ਕੂ ਵ ਤੈਂਡੀ ਕਮਾਈ।
ਦਗੇਬਾਜੀ ਕਰਕੇ ਦੁਨੀਆਂ ਲੂਟ ਖਾਈ।
ਪੀਏ ਪਿਆਲੇ ਅਰ ਖਾਏ ਕਬਾਬ।
ਦੇਖੋ ਰੇ ਲੋਕੋ ਜੋ ਹੋਤੇ ਖਰਾਬ।
ਜਿਸ ਕਾ ਤੂੰ ਬੰਦਾ ਤਿਸੀ ਕਾ ਸਵਾਰਿਆ।
ਦੁਨੀਆਂ ਕੇ ਲਾਲਚ ਤੈਂ ਸਾਹਿਬ ਵਸਾਰਿਆ।
ਨਾ ਕੀਤੀ ਇਬਾਦਤ ਨ ਰਖਿਓ ਈਮਾਨ।
ਨਾ ਕੀਤੀ ਹਕੂਮਤ ਪੁਕਾਰੇ ਜਹਾਨ।
ਅੰਦਰ ਮਹਿਲਾਂ ਕੇ ਤੂੰ ਬੈਠਾ ਹੈਂ ਜਾਇ।
ਹਰਮਾਂ ਸੇ ਖੇਲੇਂ ਖੁਸ਼ਬੋਈ ਹਵਾਇ।
ਨ ਸੂਝੈ ਨ ਬੂਝੈ ਬਾਹਰ ਕਿਆ ਹੋਇ।
ਹਰਾਮੀ ਗਰੀਬਾਂ ਕੋ ਮਾਰੇ ਬਿਗੋਇ।
ਵਸਤੀ ਉਜਾੜੇਂ ਫਿਰ ਨ ਵਸਾਵੇਂ।
ਕੂਕੇਂ ਪੁਕਾਰੇਂ ਤੋ ਦਾਦ ਨ ਪਾਵੇਂ।

ਲਾਖੋਂ ਕਰੋੜੀ ਕੀਏ ਬੇਸ਼ੁਮਾਰ ।
ਨ ਰਹੈਂਗੇ ਕਰੋੜੀ ਨ ਰਹੈਂਗੇ ਹਜ਼ਾਰ ।
ਹਾਕਮ ਕਹਾਵੇਂ ਹਕੂਮਤ ਨ ਹੋਇ ।
ਦੁਨੀਆ ਕਾ ਦੀਵਾਨਾ ਫਿਰੇਂ ਮਸਤਲੋਇ ।
ਲੂਟੇ ਮੁਲਕ ਔਰ ਪਹਿਰੇ ਵ ਖਾਇ ।
ਦੋਜਕ ਕੀ ਆਤਸ਼ ਮਾਰੇਗੀ ਜਲਾਇ ।
ਗਰਬ ਸਿਉ ਨਾ ਦੇਖੋ ਦੁਨੀਆਂ ਕੇ ਦੀਵਾਨੇ ।
ਹਮੇਸ਼ਾਂ ਨਾ ਰਹਿਗੀ ਤੂੰ ਐਸੀ ਨ ਜਾਨੇ ।
ਉਠਾਵੇ ਸਭਾ ਉਸਕੋ ਲਾਗੇ ਨਾ ਬਾਰ ।
ਕਿਸਕੀ ਦੁਨੀਆਂ ਕਿਸਕੇ ਘਰ ਬਾਰ ।
ਚੰਦ ਰੋਜ ਚਲਨਾ ਕਿਛ ਪਕੜੋ ਕਰਾਰ ।
ਨ ਕੀਚੈ ਹਿਰਸ ਬਹੁਤ ਦੁਨੀਆਂ ਕੇ ਯਾਰ ।
ਸ਼ਰਮਿੰਦਾ ਨਾ ਹੋ ਕੁਛ ਨੇਕੀ ਕਮਾਇ ।
ਲਾਨਤ ਕਾ ਜਾਮਾ ਤੂੰ ਪਹਰੇਂ ਨ ਜਾਇ ।
ਗਫਲਤ ਕਰੋਗੇ ਤੋ ਖਾਵੋਗੇ ਮਾਰ
ਬੇਟੀ ਵਾ ਬੇਟਾ ਕੋਈ ਲੇਗਾ ਨ ਸਾਰ
ਤੋਬਾ ਕਰੋ ਬਹੁਤ ਕੀਚੈ ਨ ਜੋਰ ।

ਦੋਜ਼ਕ ਕੀ ਆਤਸ਼ ਜ਼ਲਾਵੇਗੀ ਗੋਰ।
ਮਸਾਇਕ ਪੈਗੰਬਰ ਕੇਤੇ ਸ਼ਾਹਿ ਖਾਨ।
ਨਦੀਸੇਂ ਜਿਮੀਂ ਪਰ ਉਨੋਂ ਕੇ ਨਿਸ਼ਾਨ
ਚਲਤੇ ਕਬੂਤਰ ਜਾਨਵਰ ਕੀ ਛਾਉਂ।
ਕੇਤੇ ਖਾਕ ਹੂਏ ਕੋਈ ਪੂਛੇ ਨ ਨਾਉਂ।
ਚਾਲੀ ਗੰਜ ਜੋੜੇ ਨ ਰਖਿਓ ਈਮਾਨ।
ਦੇਖੋ ਰੇ ਲੋਕੋ ਕਾਰੂ ਹੋਤਾ ਪਰੇਸ਼ਾਨ।
ਨਦਾਨੀ ਯਿਹੁ ਦੁਨੀਆਂ ਵ ਫਾਨੀ ਮੁਕਾਮ।
ਤੂੰ ਖ਼ੁਦ ਚਸ਼ਮਬੀਨੀ ਹੈ ਚਲਨਾ ਜਹਾਨ।
ਹਰ ਵਕਤ ਬੰਦੇ ਨਾ ਖਿਦਮਤ ਵਿਸਾਰ।
ਮਸਤੀ ਔ ਗਲਫਤ ਸੇ ਬਾਜ਼ੀ ਨ ਹਾਰ।
ਤੋਬਾ ਨ ਕੀਤੀਆ ਕਰਦੇ ਗੁਨਾਹ।
ਨਾਨਕ ਐਸੇ ਆਲਮ ਸੇ ਤੇਰੀ ਪਨਾਹ।

ਇਤਿ ਸ੍ਰੀ ਨਸੀਅਤ ਨਾਮਾ ਸੰਪੂਰਣੰ।

ਛਾਪਕ : ਸ: ਜੀਵਨ ਸਿੰਘ ਜੀ ਦਾ ਗੁਰਮੁਖ ਪ੍ਰੈਸ
ਬਾਜ਼ਾਰ ਧੋਬੀਆਂ, ਅੰਮ੍ਰਿਤਸਰ।

ਸ਼ਬਦ ਸਿੱਧੀ ਭੰਡਾਰ

ਸੰਤ ਸੀਤਲ ਸਿੰਘ ਜੀ ਨੇ ਹੱਥ ਲਿਖਤ ਰ
ਸਬਦ ਆਪਣੇ ਗੁਰਦੇਵ ਪਾਸੋਂ ਪ੍ਰਾਪਤ ਕੀਤੇ ਸਨ,
ਸਭ ਦੀਆਂ ਮਨੋਂ ਕਾਮਨਾਂ ਪੂਰੀਆਂ ਕਰਨ ਲਈ ਅਸੰ
ਲਾਭ ਹਿੱਤ ਛਾਪ ਦਿੱਤੇ ਹਨ। ਵਿਧੀ ਅਨੁਸਾਰ ਸ਼ਬ
ਕਰਨ ਨਾਲ ਸਭ ਇੱਛਾ ਪੂਰਨ ਹੋਣਗੀਆਂ। ਭੇ

ਸੰਕਟ ਮੋਚਨ ਸ਼ਬਦ

(ਸੰਗ੍ਰਹਿ ਕਰਤਾ ਗਿਆਨੀ ਨਰੈਣ ਸਿੰਘ ਜੀ

ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ
ਚੋਣਵੇਂ ਸ਼ਬਦ ਹਨ। ਜੋ ਮਨ ਦੀਆਂ ਆਸਾਂ ਹੋਣ,
ਵਿਧੀ ਅਨੁਸਾਰ ਪੜ੍ਹੋ। ਆਸਾਂ ਮੁਰਾਦਾਂ ਪੂਰੀਆਂ
ਭੇਸ ਕਾਰਜ ਰਾਸ ਹੋਣਗੇ। ਭੇਟਾ 20/-

ਸ਼ਰਧਾ ਪੂਰਨ

201 ਗੁਰ ਸ਼ਬਦਾਂ ਦੇ ਸੰਗ੍ਰਹਿ। ਜਿਸ ਦੀ ਵਿ
ਚਲੀਹਾ-ਪੂਰਾ ਕਰ ਲੈਣ ਪਰ ਹਰ ਕਾਰਜ ਦੀ ਸਫ
ਹੁੰਦੀ ਹੈ। ਭੇਟਾ 50/-

ਬ੍ਰਹਮ ਗਿਆਨੀ

ਲੇਖਕ-ਗਿਆਨੀ ਅਮਰ ਸਿੰਘ

ਜੀਵਨ ਅਦੁਤੀ ਕਿਵੇਂ ਬਣਦਾ ਹੈ, ਗਿਆਨ ਦ
ਕਿਵੇਂ ਹੋਵੇ, ਹਉਮੈ ਦੇ ਰੋਗ ਤੋਂ ਬ੍ਰਹਮ ਗਿਆਨ ਹੀ ਬ
ਹੈ, ਹੋਰ ਸਾਖੀਆਂ ਸਮੇਤ। ਭੇਟਾ 30/-

ਭਾਈ ਚਤਰ ਸਿੰਘ ਜੀਵਨ ਸਿੰ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ